## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ

ਹੁਕਮ ਨੰ : 10/12-2011 ਅ3(2) ਕੋ:ਸ:(4)
ਮਿਤੀ, ਐਸ.ਏ.ਐਸ.ਨਗਰ : 24.12.2015

ਸ੍ਰੀ ਹਰਪ੍ਰੀਤ ਸਿੰਘ, ਪੰਜਾਬੀ ਮਾਸਟਰ, ਸਸਸਸ ਸਾਂਧਰਾ, ਜ਼ਿਲ੍ਹਾ ਹੁਸ਼ਿਆਰਪੁਰ ਜੋ ਮਿਤੀ 07.10.2004 ਤੋਂ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜ਼ਰ ਚੱਲਿਆ ਆ ਰਿਹਾ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 5/34-2010 ਅ3(2) ਮਿਤੀ 23.12.10 ਰਾਹੀਂ ਦੋਸ਼ ਸੂਚੀ ਜਾਰੀ ਕੀਤੀ ਗਈ ਸੀ ਅਤੇ ਵਿਭਾਗ ਦੇ ਪੱਤਰ ਨੰ:10/12-2011 ਅ-3(2) ਕੋ:ਸ:4 ਮਿਤੀ 06.01.2016 ਰਾਹੀਂ ਦੋਸ਼ ਸੂਚੀ ਵਿੱਚ ਦਰਜ ਗੈਰ ਹਾਜਰੀ ਦੀ ਮਿਤੀ 07.04.2010 ਨੂੰ 07.10.2004 ਪੜ੍ਹਨ ਦੇ ਹੁਕਮ ਜਾਰੀ ਕੀਤੇ ਗਏ। ਕਰਮਚਾਰੀ ਵੱਲੋਂ ਦੋਸ਼ ਸੂਚੀ ਦਾ ਉੱਤਰ ਨਾ ਦੇਣ ਕਾਰਨ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਦੀ ਸੱਚਾਈ ਜਾਨਣ ਲਈ ਸ੍ਰੀ ਰਾਮਪਾਲ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸ਼ਿਆਰਪੁਰ ਨੂੰ ਪੜਤਾਲੀਆ ਅਫਸਰ ਅਤੇ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸ਼ਿਆਰਪੁਰ ਦੇ ਡੀਲਿੰਗ ਸਹਾਇਕ ਨੂੰ ਪੇਸ਼ੀ ਅਫਸਰ ਨਿਯੁਕਤ ਕੀਤਾ ਜਾਂਦਾ ਹੈ।

2. ਪੜਤਾਲੀਆ ਅਫਸਰ 30 ਦਿਨ ਦੇ ਅੰਦਰ-ਅੰਦਰ ਪੜਤਾਲ ਮੁਕੰਮਲ ਕਰਕੇ ਦੋਹਰੀ ਪਰਤ ਵਿੱਚ ਰਿਪੋਰਟ ਇਸ ਦਫਤਰ ਨੂੰ ਸੌਂਪਣਗੇ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ।

ਪਿੱਠ ਅੰਕਣ ਨੰ: ਉਕਤ/ 571-76 ਮਿਤੀ , ਐਸ.ਏ.ਐਸ.ਨਗਰ:- 12/01/16

ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਸ੍ਰੀ ਰਾਮਪਾਲ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸ਼ਿਆਰਪੁਰ ਨੂੰ ਦੋਸ਼ ਸੂਚੀ ਦੀ ਫੋਟੋ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਦਰਸਾਏ ਅਨੁਸਾਰ ਪੜਤਾਲ ਰਿਪੋਰਟ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।
4. ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸ਼ਿਆਰਪੁਰ।
5. ਪੇਸ਼ੀ ਅਫਸਰ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੜਤਾਲੀਆ ਅਫਸਰ ਨੂੰ ਪੜਤਾਲ ਵਿੱਚ ਪੂਰਨ ਸਹਿਯੋਗ ਦੇਣ।
6. ਪ੍ਰਿੰਸੀਪਲ, ਸਸਸਸ ਸਾਂਧਰਾ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੜਤਾਲੀਆ ਅਫਸਰ ਨੂੰ ਪੜਤਾਲ ਵਿੱਚ ਪੂਰਨ ਸਹਿਯੋਗ ਦੇਣ।
7. ਸ੍ਰੀ ਹਰਪ੍ਰੀਤ ਸਿੰਘ, ਪੰਜਾਬੀ ਮਾਸਟਰ, ਸਸਸਸ ਸਾਂਧਰਾ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੜਤਾਲੀਆ ਅਫਸਰ ਨੂੰ ਪੜਤਾਲ ਵਿੱਚ ਪੂਰਨ ਸਹਿਯੋਗ ਦੇਣ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ